# *ਸਾਡੇ ਹੱਕ ਹਨ!*

(ਇਹ ਜਾਣਕਾਰੀ ਪੈਂਟਿਕਟਨ ਐਂਡ ਏਰੀਆ ਵੋਮੈਨਜ਼ ਸੈਂਟਰ (Penticton & Area Women's Centre) ਵੱਲੋਂ 2001 ਵਿੱਚ ਇਕੱਤਰ ਕੀਤੀ ਗਈ ਸੀ, ਇਹ ਸੇਫ ਹਾਰਵੈਸਟ ਕੋਲੀਸ਼ਨ (Safe Harvest Coalition) ਵੱਲੋਂ 2006 ਵਿੱਚ ਨਵਿਆਈ ਗਈ ਸੀ। ਇਸ ਪਹਿਲੀ-ਕਦਮੀ ਦੀ ਫੰਡਿੰਗ ਦਾ ਯੋਗਦਾਨ ਲਾਅ ਫਾਉਂਡੇਸ਼ਨ ਆਫ ਬ੍ਰਿਟਿਸ਼ ਕੋਲੰਬੀਆ (Law Foundation of British Columbia) ਵੱਲੋਂ ਦਿੱਤਾ ਗਿਆ ਸੀ।)

ਇਹ ਕਨੇਡਾ ਹੈ। ਇਹ ਸੰਪੂਰਣ ਨਹੀਂ ਹੈ ਅਤੇ ਅਸੀਂ ਸਾਰੇ ਹਾਲੀ ਕੁਝ ਕੁਝ ਸਿੱਖ ਹੀ ਰਹੇ ਹਾਂ, ਪਰ ਕਿਸੇ ਨੂੰ *ਕਨੇਡੀਅਨ ਮਾਨਵੀ ਅਧਿਕਾਰਾਂ* ਵਾਸਤੇ ਘੁਲਣਾ ਪਿਆ ਸੀ ਅਤੇ ਜੱਦੋਜਹਿਦ ਕੀਤੀ ਸੀ!! ਆਪਣੇ ਹੱਕਾਂ ਨੂੰ ਜਾਣੋ! ਉਨ੍ਹਾਂ ਨੂੰ ਉੱਚੀ ਆਵਾਜ਼ ਨਾਲ ਪ੍ਰਗਟ  ਕਰੋ।

**ਕਨੇਡੀਅਨ ਚਾਰਟਰ ਆਫ ਰਾਈਟਸ ਸਾਨੂੰ ਦੱਸਦੇ ਹਨ ਕਿ:**

ਹਰਇੱਕ ਨੂੰ ਹੇਠ ਦਿੱਤੀਆਂ ਬੁਨਿਆਦੀ ਆਜ਼ਾਦੀਆਂ ਹਨ:

a) ਜ਼ਮੀਰ ਅਤੇ ਧਰਮ ਦੀ ਆਜ਼ਾਦੀ;

b) ਵਿਚਾਰ, ਵਿਸ਼ਵਾਸ਼, ਮਤ ਅਤੇ ਪ੍ਰਗਟਾਵੇ ਦੀ ਅਜ਼ਾਦੀ, ਸਮੇਤ ਪਰੈੱਸ ਅਤੇ ਦੂਸਰੇ ਸੰਚਾਰ ਦੇ ਮੀਡੀਏ ਦੀ ਅਜ਼ਾਦੀ ਦੇ;

c) ਸ਼ਾਂਤੀਪੂਰਵਕ ਇਕੱਠੇ ਹੋਣ ਦੀ ਅਜ਼ਾਦੀ, ਅਤੇ

d) ਸਭਾ ਦੀ ਅਜ਼ਾਦੀ।

ਹਰਇੱਕ ਕੋਲ ਜੀਵਨ, ਸੁਤੰਤਰਤਾ, ਅਤੇ ਤਨ ਦੀ ਸੁਰੱਖਿਅਤਾ ਦਾ ਅਧਿਕਾਰ ਹੈ।

**ਬੀ ਸੀ ਹਿਊਮਨ ਰਾਈਟਸ ਦੇ ਹਿਊਮਨ ਰਾਈਟਸ ਕੋਡ ਅਨੁਸਾਰ**

**(ਕਨੇਡੀਅਨ ਹਿਊਮਨ ਰਾਈਟਸ ਕੋਡ 'ਤੇ ਆਧਾਰਤ),**

**<u>ਕੰਮਥਾਂ ਵਿਖੇ ਪਰੇਸ਼ਾਨੀ ਹੁੰਦੀ ਹੈ:</u>**

"ਕਿਸੇ ਵਰਜਤ ਆਧਾਰ 'ਤੇ ਵਿਤਕਰਾ ਜੋ ਹਾਨੀਕਾਰਕ ਢੰਗ ਨਾਲ ਕੰਮ ਮਾਹੌਲ 'ਤੇ ਅਸਰ ਪਾਉਂਦਾ ਹੈ ਜਾਂ ਪਰੇਸ਼ਾਨੀ ਅਨੁਭਵ ਕਰਨ ਵਾਲਿਆਂ ਦੇ ਕੰਮ ਸਬੰਧਤ ਨਤੀਜਿਆਂ ਦਾ ਕਾਰਨ ਬਣਨ ਵਾਲਾ ਅਣਚਾਹਿਆ ਵਿਹਾਰ।"

ਇਸ ਦਾ ਮਤਲਬ ਹੈ: ਤੁਹਾਨੂੰ ਆਪਣੇ ਆਪ ਨੂੰ ਕਿਸੇ ਦੇ ਵਿਹਾਰ ਦੇ ਪਾਤਰ ਨਾ ਬਣਨ ਦੇਣ ਦਾ ਹੱਕ ਹੈ ਜੋ ਸਾਡੀ ਦੁਨਿਆਵੀ, ਜਾਤੀ, ਚਮੜੀ ਦੇ ਰੰਗ, ਕੁਲ, ਜਨਮ ਸਥਾਨ, ਸਿਆਸੀ ਵਿਸ਼ਵਾਸ, ਧਰਮ, ਸ਼ਾਦੀ ਹੈਸੀਅਤ, ਪਰਿਵਾਰਕ ਹੈਸੀਅਤ, ਸਰੀਰਕ ਆਯੋਗਤਾ, ਉਮਰ, ਜਾਂ ਜਿਨਸੀ ਸਥਿਤੀ ਦੇ ਮਾਣ ਨੂੰ ਘਟਾਉਂਦਾ ਹੈ, *ਸਾਨੂੰ ਕੰਮ 'ਤੇ ਬੇਚੈਨੀ ਮਹਿਸੂਸ ਕਰਾਉਂਦਾ ਹੈ!!* ਹਾਂ, ਕੰਮ 'ਤੇ ਸੁਖਦਾਇਕ ਹੋਣ ਦਾ ਸਾਡਾ *ਹੱਕ* ਹੈ!!

*ਪਹਿਰਾਵਾ ਪਹਿਨਣ* ਦਾ ਵੀ ਸਾਡਾ ਹੱਕ ਹੈ *ਜਿਵੇਂ ਵੀ ਸਾਨੂੰ ਪਸੰਦ ਹੈ!!*

ਬੀ ਸੀ ਹਿਊਮਨ ਰਾਈਟਸ ਕਮਿਸ਼ਨ ਸਪਸ਼ਟ ਤੌਰ ਤੇ ਬਿਆਨ ਕਰਦਾ ਹੈ:

"ਜਿਸ ਵੀ ਤਰੀਕੇ ਨਾਲ ਕੋਈ ਗੱਲ ਕਰਦਾ ਹੈ, ਕਪੜੇ ਪਹਿਨਦਾ ਹੈ, ਜਾਂ ਕਾਰਜ ਕਰਦਾ ਹੈ ਨੂੰ ਕਦੀ ਵੀ ਇੱਕ ਸੰਕੇਤ ਵਜੋਂ ਨਹੀਂ ਵਰਤਿਆ ਜਾ ਸਕਦਾ ਕਿ ਇਹ ਆਦਮੀ ਸਾਧਾਰਣ ਕੰਮਥਾਂ ਦੇ ਬਿਨਾਂ ਕਿਸੇ ਹੋਰ ਸਬੰਧ ਵਿੱਚ ਪ੍ਰਵੇਸ਼ ਕਰ ਰਿਹਾ ਹੈ। ਪਹਿਨਣ, ਗੱਲ ਕਰਨ, ਅਤੇ ਕਾਰਜ ਕਰਨ ਦੀਆਂ ਵੱਖ ਵੱਖ ਸ਼ੈਲੀਆਂ ਸਾਡੇ ਬਹੁਸਭਿਆਚਾਰਕ ਸਮਾਜ ਦਾ ਅਤੇ ਵਿਅਕਤੀਗਤ ਪਸੰਦ ਦਾ ਵੀ ਪ੍ਰਗਟਾਵਾ ਕਰਦੀਆਂ ਹਨ।" ਆਓ ਅਸੀਂ ਹੁਣ ਆਪਣੇ ਮਨ ਵਿੱਚ ਵਸਾ ਲਈਏ ਕਿ ਜਦੋਂ ਅਸੀਂ ਕੰਮ 'ਤੇ ਹਾਂ, ਕੰਮ ਵਾਸਤੇ ਉਚਿਤ ਤਰੀਕੇ ਨਾਲ ਕਪੜੇ ਪਹਿਨਣੇ ਬਹੁਤ ਅਹਿਮ ਹੁੰਦੇ ਹਨ। ਖੇਤੀ ਵਿੱਚ, ਸਾਨੂੰ ਸੁਰੱਖਿਅਤ

ਜੁੱਤਿਆਂ ਦੀ ਜ਼ਰੂਰਤ ਹੁੰਦੀ, ਅਤੇ ਸੂਰਜ ਤੋਂ ਬਚਾ ਲਈ ਸਾਨੂੰ ਸਰੀਰ ਢੱਕਣ ਦੀ ਜ਼ਰੂਰਤ ਹੁੰਦੀ ਹੈ, ਵਿਸ਼ੇਸ਼ ਤੌਰ ਤੇ ਆਪਣਾ ਸਿਰ, ਮੋਢੇ, ਧੌਣ ਅਤੇ ਪਿੱਠਾਂ।

ਜਦੋਂ ਕਿ ਆਪਣੇ ਮਾਲਕ ਵਾਸਤੇ ਮਿਹਨਤ ਅਤੇ ਈਮਾਨਦਾਰੀ ਨਾਲ ਕੰਮ ਕਰਨਾ ਸਾਡੀ ਇੱਕ ਜ਼ਿੰਮੇਵਾਰੀ ਹੁੰਦੀ ਹੈ, ਕੰਮ ਖ਼ੇਤਰ ਨੂੰ  ਕਿਸੇ ਕਿਰਿਆ ਜਿਹੜੀ ਸਾਨੂੰ ਖ਼ਤਰੇ ਵਿੱਚ ਪਾ ਸਕਦੀ ਹੈ ਤੋਂ ਮੁਕਤ ਰੱਖਣਾ ਸਾਡੇ ਮਾਲਕ ਦੀ ਜ਼ਿੰਮੇਵਾਰੀ ਹੁੰਦੀ ਹੈ।

**ਵਰਕਰਜ਼ ਕੰਪਨਸੇਸ਼ਨ ਐਕਟ, ਪਾਰਟ 3 – ਆਕੂਪੇਸ਼ਨਲ ਹੈਲਥ ਐਂਡ ਸੇਫਟੀ, ਡਿਵੀਜ਼ਨ 3 – ਮਾਲਕਾਂ, ਵਰਕਰਾਂ ਅਤੇ ਦੂਸਰਿਆਂ ਦੇ ਆਮ ਫਰਜ਼**

115 (1) ਮਾਲਕ ਲਈ ਉੱਥੇ ਕੰਮ ਕਰਦੇ ਸਾਰੇ ਕਾਮਿਆਂ, ਅਤੇ ਉਸ ਇੱਕ ਕੰਮਥਾਂ ’ਤੇ ਵੀ ਜਿੱਥੇ ਮਾਲਕ ਲਈ ਕੰਮ ਕੀਤਾ ਜਾ ਰਿਹਾ ਹੈ ਹਾਜ਼ਰ ਹੋਰ ਦੂਸਰੇ ਕਾਮਿਆਂ ਲਈ ਹਰਇੱਕ ਮਾਲਕ ਨੂੰ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣਾ ਜ਼ਰੂਰੀ ਹੁੰਦਾ ਹੈ।

ਜੇ ਕੋਈ ਮਾਲਕ ਤੁਹਾਨੂੰ ਕੋਈ ਐਸਾ ਕੰਮ ਕਰਨ ਲਈ ਕਹਿੰਦਾ ਹੈ ਜਿਹੜਾ ਤੁਸੀਂ ਸੁਰੱਖਿਅਤ, ਜਾਂ ਠੀਕ ਮਹਿਸੂਸ ਨਹੀਂ ਕਰਦੇ, ਉਸ ਕੰਮ ਨੂੰ ਨਾ ਕਰੋ!

**ਬੀ ਸੀ ਹਿਊਮਨ ਰਾਈਟਸ ਕਮਿਸ਼ਨ (ਸੈਕਸ਼ਨ IV –7) ਅਨੁਸਾਰ,**

“ਆਪਣੇ ਕਰਮਚਾਰੀਆਂ ਨੂੰ ਇੱਕ ਕੰਮ ਵਾਤਾਵਰਣ ਮੁਹਈਆ ਕਰਨ ਲਈ ਹਰਇੱਕ ਮਾਲਕ ਜ਼ਿੰਮੇਵਾਰ ਹੁੰਦਾ ਹੈ ਜਿਸ ਵਿੱਚ ਕੋਈ ਵਿਤਕਰਾ ਨਹੀਂ ਹੁੰਦਾ ਅਤੇ ਪਰੇਸ਼ਾਨੀ ਤੋਂ ਮੁਕਤ ਹੁੰਦਾ ਹੈ।” ਹੋਰ ਕੀ ਹੁੰਦਾ ਹੈ, “ਕਾਨੂੰਨ ਤਹਿਤ ਮਾਲਕਾਂ ਵੱਲੋਂ ਕੰਮਥਾਂ ਵਿੱਚ ਪਰੇਸ਼ਾਨੀ ਨੂੰ ਰੋਕਣ ਅਤੇ ਨਜਿੱਠਣ ਲਈ ਕਦਮ ਚੁਕਣੇ ਹੁੰਦੇ ਹਨ,” ਕਿਉਂਕਿ ਇਸ ਵਿਰੁੱਧ ਉਹ ਅਸਰਦਾਰ ਕਾਰਵਾਈ ਕਰਨ ਲਈ ਵਧੀਆ ਸਥਿਤੀ ਵਿੱਚ ਹੁੰਦੇ ਹਨ।

ਇਸ ਲਈ ਆਪਣੇ ਸਵਾਮੀਆਂ ਨੂੰ ਜਾਣੂ ਕਰਵਾ ਦਿਓ ਕਿ ਤੁਸੀਂ ਉਨ੍ਹਾਂ ਦੀ ਸਹਾਇਤਾ ਦੇ ਹੱਕਦਾਰ ਹੋ!

ਜੇ ਤੁਹਾਨੂੰ ਕਿਸੇ ਮਾਨਵੀ ਹੱਕਾਂ ਲਈ ਸ਼ਿਕਾਇਤ ਕਰਨ ਦੀ ਜ਼ਰੂਰਤ ਹੋਵੇ, 1-888-440-8844 ਨੂੰ ਕਾਲ ਕਰੋ।

ਡਿਪਾਰਟਮੈਂਟ ਆਫ ਜਸਟਿਸ, ਕਨੇਡਾ, ਅਨੁਸਾਰ, ਹੇਠ ਦਿੱਤੇ ਵਿਹਾਰਾਂ ਦੇ ਆਧਾਰ ’ਤੇ ਦੋਸ਼ ਲਾਏ ਜਾ ਸਕਦੇ ਹਨ:

- ਜਿਨਸੀ ਛੋਹਣਾ ਜਾਂ ਜਿਨਸੀ ਕਿਰਿਆ ਜਦੋਂ ਤੁਸੀਂ ਇਸ ਵਾਸਤੇ ਸਹਿਮਤ ਨਹੀਂ ਹੁੰਦੇ।
- ਤੁਹਾਨੂੰ, ਤੁਹਾਡੇ ਕਿਸੇ ਜਾਣਕਾਰ ਨੂੰ, ਜਾਂ ਤੁਹਾਡੇ ਪਾਲਤੂ ਜਾਨਵਰਾਂ ਨੂੰ ਨੁਕਸਾਨ ਪਹੁੰਚਾਉਣ ਦੀਆਂ ਧਮਕੀਆਂ ਦੇਣਾ।
- ਤੁਹਾਡੀਆਂ ਚੀਜ਼ਾਂ ਭੰਨਣਾ।
- ਲੁਕ ਛਿਪ ਕੇ ਤੁਹਾਡਾ ਪਿੱਛਾ ਕਰਨਾ।
- ਤੁਹਾਡੇ ਵੇਤਨ ਦਾ ਚੈੱਕ ਲੈ ਲੈਣਾ।
- ਤੁਹਾਡਾ ਪੈਸਾ ਰੋਕ ਲੈਣਾ ਤਾਂ ਜੋ ਤੁਸੀਂ ਆਪਣਾ ਭੋਜਨ ਨਾ ਲੈ ਸਕੋ ਜਾਂ ਤੁਸੀਂ ਜ਼ਰੂਰੀ ਡਾਕਟਰੀ ਇਲਾਜ ਨਾਲ ਲੈ ਸਕੋ।
- ਛੇੜਨਾ, ਥੱਪੜ ਮਾਰਨਾ, ਧੱਕਾ ਦੇਣਾ, ਸੱਟ ਮਾਰਨਾ, ਮੁੱਕਾ ਮਾਰਨਾ, ਠੁੱਡਾ ਮਾਰਨਾ, ਸਾੜਨਾ, ਗੋਲੀ ਚਲਾਉਣੀ, ਛੁਰਾ ਮਾਰਨਾ ਜਾਂ ਕੱਟਣਾ।
- ਜੇ ਤੁਸੀਂ ਕਿਸੇ ਜੁਰਮ ਦੇ ਸ਼ਿਕਾਰ ਹੋ ਗਏ ਹੋ, ਤੁਸੀਂ ਰਿਪੋਰਟ ਕਰਨ ਲਈ 9-1-1 ਨੂੰ ਕਾਲ ਕਰੋ।

ਇਸ ਤਰ੍ਹਾਂ ਹੁਣ ਤੁਸੀਂ ਜਾਣ ਗਏ ਹੋ। ਅੰਤ ਵਿੱਚ, ਅਤੇ ਇਹ ਬਹੁਤ ਮਹੱਵਪੂਰਨ ਹੈ: ਇਹ ਇਨਾ ਅਹਿਮ ਹੈ ਜਿੰਨਾ ਇਹ ਪਹਿਲੇ ਕਨੇਡੀਅਨਜ਼ ਲਈ ਸੀ ਜਿਨ੍ਹਾਂ ਨੇ ਸਾਡੇ ਹੱਕਾਂ ਦੀ ਸਿਰਜਣਾ ਵਾਸਤੇ ਕੰਮ ਕੀਤਾ ਅਤੇ ਕੁਰਬਾਨੀ ਦਿੱਤੀ, ਇਹ ਸਾਡੇ ਲਈ ਵੀ ਉਨਾ ਹੀ ਅਹਿਮ ਹੈ ਕਿ ਅਸੀਂ ਇਨ੍ਹਾਂ ਹੱਕਾਂ ’ਤੇ ਦਾਅਵਾ ਜਿਤਾਈਏ ਅਤੇ ਇਨ੍ਹਾਂ ਦੀ ਰੱਖਿਆ ਕਰੀਏ। ਆਪਣੇ ਆਪ ਨੂੰ ਸੁਣੇ ਜਾਣ ਵਾਲੇ ਬਣਾਓ।